# ਦਫਤਰ ਭੋਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ, ਐਸ.ਏ.ਐਸ ਨਗਰ।

**ਅਵਾਰਡ ਨੰ:** 555

**ਮਿਤੀ:** 10-06-2015

ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਭੌਂ ਪ੍ਰਾਪਤੀ ਐਕਟ, 1894 ਧਾਰਾ 4 ਤਹਿਤ ਜਾਰੀ ਕੀਤੀ ਨੋਟੀਫਿਕੇਸ਼ਨ ਨੰ: 6/45/2004/1ਐਚਜੀ1/2620 ਮਿਤੀ 21.03.2005, ਜਿਹੜਾ ਕਿ ਪੰਜਾਬ ਸਰਕਾਰ ਦੇ ਅਸਧਾਰਣ ਗਜ਼ਟ ਵਿੱਚ ਮਿਤੀ 21.03.2005 ਨੂੰ ਪ੍ਰਕਾਸ਼ਿਤ ਹੋਈ, ਅਨੁਸਾਰ ਭੋਂ ਪ੍ਰਾਪਤੀ ਐਕਟ, 1894 ਦੀ ਧਾਰਾ-4 ਤਹਿਤ ਪਿੰਡ ਲਖਨੌਰ ਹਦਬਸਤ ਨੰ: 36 ਦਾ 930 ਕਨਾਲ - 17 ਮਰਲੇ (116.35 ਏਕੜ) ਰਕਬਾ ਐਸ.ਏ.ਐਸ ਨਗਰ, ਦੇ ਖੇਤਰ ਵਿੱਚ ਸ਼ਹਿਰੀ ਮਿਲਖ ਮੋਹਾਲੀ ਦੇ ਵਿਸਥਾਰ ਲਈ ਜਨਤਕ ਮੰਤਵ ਵਾਸਤੇ ਭੌਂ ਪ੍ਰਾਪਤ ਕਰਨ ਦੇ ਉਦੇਸ਼ ਨਾਲ ਅਧਿਸੂਚਿਤ ਕਰਵਾਇਆ ਗਿਆ ਸੀ, ਜੋ ਕਿ ਪੰਜਾਬੀ ਭਾਸ਼ਾ ਦੇ ਅਖਬਾਰ "ਰੋਜਾਨਾ ਅਜੀਤ" ਵਿੱਚ ਮਿਤੀ 03.07.2005 ਨੂੰ ਅਤੇ ਅੰਗਰੇਜੀ ਭਾਸ਼ਾ ਦੇ ਅਖਬਾਰ "ਹਿੰਦੁਸਤਾਨ ਟਾਈਮਜ" ਵਿੱਚ ਮਿਤੀ 03.07.2005 ਨੂੰ ਛਪਵਾਇਆ ਗਿਆ ਸੀ। ਇਸ ਬਾਰੇ ਹਲਕਾ ਪਟਵਾਰੀ ਲਖਨੌਰ ਦੇ ਰੋਜਨਾਮਚੇ ਵਿੱਚ ਰਪਟ ਨੰ: 544 ਮਿਤੀ 27.06.2005, ਨੂੰ ਦਰਜ ਕਰਵਾਈ ਗਈ ਸੀ। ਧਾਰਾ 4 ਦੀ ਨੋਟੀਫਿਕੇਸ਼ਨ ਦਾ ਸੁੱਧੀ ਪੱਤਰ ਨੋਟੀਫਿਕੇਸ਼ਨ ਨੰ: 6/45/2004/1ਐਚ.ਜੀ1/1805 ਮਿਤੀ 08.03.2006 ਰਾਹੀਂ ਜਾਰੀ ਹੋਇਆ ਸੀ, ਜਿਸ ਦੀ ਹਲਕਾ ਪਟਵਾਰੀ ਲਖਨੌਰ ਦੇ ਰੋਜਨਾਮਚੇ ਵਿੱਚ ਰਪਟ ਨੰ: 586 ਮਿਤੀ 04.05.2006 ਰਾਹੀਂ ਦਰਜ ਕਰਵਾਈ ਗਈ। ਇਸ ਧਾਰਾ 4 ਤਹਿਤ ਜਾਰੀ ਹੋਏ ਨੋਟੀਫਿਕੇਸਨ ਵਿਰੁੱਧ ਪਿੰਡ ਲਖਨੌਰ ਦੇ 18 ਭੌਂ ਮਾਲਕਾਂ ਤੋਂ ਧਾਰਾ 5-ਏ ਤਹਿਤ ਪ੍ਰਾਪਤ ਹੋਏ ਇਤਰਾਜਾਂ ਬਾਰੇ ਸਬੰਧਤ ਭੌਂ ਮਾਲਕਾਂ ਦੀ ਸੁਣਵਾਈ ਮਿਤੀ 03-10-2005 ਨੂੰ ਸੁਣਵਾਈ ਕਰਨ ਉਪਰੰਤ ਦਫਤਰੀ ਮੀਮੋ ਨੰ: ਐਲ.ਏ.ਸੀ/2005/3601 ਮਿਤੀ 21-11-2005 ਰਾਹੀਂ ਸਰਕਾਰ ਨੂੰ ਰਿਪੋਰਟ ਭੇਜੀ ਗਈ ਅਤੇ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ (ਮਕਾਨ ਉਸਾਰੀ-1 ਸਾਖਾ) ਦੇ ਮੀਮੋ ਨੰ: 6/45/2004-1ਮਉ1/331 ਮਿਤੀ 17.01.2006 ਰਾਹੀਂ ਦੋ ਇਤਰਾਜਾਂ ਤੋਂ ਬਿਨਾਂ ਬਾਕੀ ਦੇ ਇਤਰਾਜਾਂ ਨੂੰ ਰੱਦ ਕਰਨ ਦਾ ਫੈਸਲਾ ਲਿਆ ਗਿਆ ਸੀ। ਸਰਕਾਰ ਦੇ ਉਕਤ ਫੈਸਲੇ ਅਨੁਸਾਰ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ-6 ਤਹਿਤ ਨੋਟੀਫਿਕੇਸ਼ਨ ਨੰ: 6/45/2004/1ਐਚਜੀ1/2026 ਮਿਤੀ 13.03.2006, ਜਿਸ ਦਾ ਕੁੱਲ ਰਕਬਾ 930 ਕਨਾਲ - 17 ਮਰਲੇ (116.35 ਏਕੜ), ਜਿਹੜਾ ਕਿ ਪੰਜਾਬ ਸਰਕਾਰ ਦ ਅਸਧਾਰਣ ਗਜਟ ਵਿੱਚ ਮਿਤੀ 13.03.2006 ਨੂੰ ਪ੍ਰਕਾਸ਼ਿਤ ਹੋਇਆ ਸੀ, ਅੰਗਰੇਜੀ ਭਾਸ਼ਾ ਦੀ ਅਖਬਾਰ "ਦੋ ਟ੍ਰਿਬਿਊਨ" ਵਿੱਚ ਮਿਤੀ 17.03.2006 ਨੂੰ ਅਤੇ ਪੰਜਾਬੀ ਭਾਸ਼ਾ ਦੇ ਅਖਬਾਰ "ਰੋਜਾਨਾ ਅਜੀਤ" ਵਿੱਚ ਮਿਤੀ 17.03.2006 ਨੂੰ ਛਪਵਾਇਆ ਗਿਆ ਸੀ। ਹਲਕਾ ਪਟਵਾਰੀ ਲਖਨੌਰ ਦੇ ਰਪਟ ਰੋਜਨਾਮਚੇ ਵਿੱਚ ਰਪਟ ਨੰ: 584 ਮਿਤੀ 04.05.2006 ਨੂੰ ਦਰਜ ਕਰਵਾਈ ਗਈ ਸੀ।

ਇਸ ਨੋਟੀਫਿਕੇਸ਼ਨ ਅਧੀਨ ਧਾਰਾ 6 ਤਹਿਤ ਪਿੰਡ ਲਖਨੌਰ ਦਾ ਕੁੱਲ ਰਕਬਾ 930 ਕਨਾਲ - 17 ਮਰਲੇ ਭੌਂ ਪ੍ਰਾਪਤੀ ਵਾਸੇ ਘੋਸ਼ਿਤ ਕੀਤਾ ਗਿਆ ਸੀ, ਪਰ ਇਸ ਵਿਚੋਂ ਹੇਠ ਲਿਖੇ ਰਕਬੇ ਸਬੰਧੀ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਨੋਟੀਫਿਕੇਸ਼ਨ ਨੰ: 18/79/2004-1ਐਚ.ਜੀ2/1002 ਮਿਤੀ 04.02.2005 ਰਾਹੀਂ ਮੈਸ: ਚੰਡੀਗੜ੍ਹ ਓਵਰਸੀਜ਼ ਪ੍ਰਾਈਵੇਟ ਲਿਮਿਟਡ ਨੂੰ ਭੋਂ ਦੇ ਮੰਤਵ ਤਬਦੀਲੀ ਦੀ ਆਗਿਆ ਦਿੱਤੀ ਗਈ ਸੀ ਅਤੇ ਫਿਰ ਨੋਟੀਫਿਕੇਸ਼ਨ ਨੰ: 18/79/2004-1ਐਚ.ਜੀ2/1009 ਮਿਤੀ 04.02.2005 ਰਾਹੀਂ ਸਰਕਾਰ ਵੱਲੋਂ ਫੈਸ਼ਨ ਟੈਕਨੋਲੋਜੀ ਦੇ ਟੈਕਨੋ ਨਾਲੇਜ ਪਾਰਕ ਦੀ ਭੌਂ ਨੂੰ ਭੌਂ ਪ੍ਰਾਪਤੀ ਤੋਂ ਛੋਟ ਦਿੱਤੀ ਗਈ ਸੀ, ਜਿਸ ਦੇ ਮੱਦੇਨਜਰ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਭੌਂ

ਪ੍ਰਾਪਤੀ ਐਕਟ, 1894 ਦੀ ਧਾਰਾ 48(1) ਤਹਿਤ ਕੀਤੀ ਨੋਟੀਫਿਕੇਸ਼ਨ ਨੰ: 6/45/2004/6ਐਚ.ਜੀ1/4171 ਮਿਤੀ 31.12.2012 ਰਾਹੀਂ ਹੇਠ ਲਿਖੇ ਰਕਬੇ ਦੀ ਭੌਂ ਪ੍ਰਾਪਤੀ ਵਾਪਸ ਲੈ ਲਈ ਗਈ ਸੀ:-

| ਲੜੀ ਨੰ: | ਪਿੰਡ ਦਾ ਨਾਮ | ਖਸਰਾ ਨੰ: | ਰਕਬਾ<br>ਕਨਾਲ-ਮਰਲੇ |
|---|---|---|---|
| 1 | ਲਖਨੌਰ | 12//1 | 2 - 15 |
| | | 9 | 0 - 9 |
| | | 10 | 7 - 0 |
| ਕੁੱਲ ਜੋੜ | | | **10 - 4**<br>**1.275 ਏਕੜ** |

ਉਪਰੋਕਤ ਤੋਂ ਇਲਾਵਾ ਮੈਸ: ਜਨਤਾ ਲੈਂਡ ਪ੍ਰੋਮੋਟਰਜ ਲਿਮਿਟਡ ਦੀ ਪਿੰਡ ਲਖਨੌਰ ਵਿਖੇ ਪੈਂਦੀ ਹੇਠ ਲਿਖੀ ਭੌਂ ਦਾ ਲੇਆਉਟ ਪਲੈਨ ਮੁੱਖ ਨਗਰ ਯੋਜਨਾਕਾਰ, ਪੰਜਾਬ ਵੱਲੋਂ ਪੱਤਰ ਨੰ: 144-ਸੀ.ਟੀ.ਪੀ, ਪੰਜਾਬ/ਐਮ.ਪੀ.ਆਰ-5 ਮਿਤੀ 08.01.2013 ਰਾਹੀਂ ਪ੍ਰਵਾਨ ਹੈ ਅਤੇ ਇਸ ਰਕਬੇ ਦਾ ਭੋਂ ਮੰਤਵ ਦੀ ਤਬਦੀਲੀ ਪ੍ਰਵਾਨ ਹੋਏ ਅਨੁਸਾਰ ਮੈਸ: ਜਨਤਾ ਲੈਂਡ ਪਰਮੋਟਰਜ ਲਿਮਿਟਡ ਦੀ ਹੇਠ ਦਰਸਾਈ ਭੌਂ ਅਤੇ ਪਿੰਡ ਲਖਨੌਰ ਦੇ ਰੈਵੀਨਿਊ ਰਸਤਿਆਂ ਦਾ ਹੇਠ ਲਿਖਿਆ ਰਕਬਾ ਹੈ,

| ਲੜੀ ਨੰ: | ਪਿੰਡ ਦਾ ਨਾਮ | ਖਸਰਾ ਨੰ: | ਰਕਬਾ<br>ਕਨਾਲ-ਮਰਲੇ |
|---|---|---|---|
| 1 | ਲਖਨੌਰ | 15//9 | 8 - 0 |
| 2 | ਲਖਨੌਰ | 42 (ਰੈਵੀਨਿਊ ਰਸਤੇ) | 3 - 6 |
| 3 | ਲਖਨੌਰ | 184 (ਰੈਵੀਨਿਊ ਰਸਤੇ) | 12 - 13 |
| 4 | ਲਖਨੌਰ | 185 (ਰੈਵੀਨਿਊ ਰਸਤੇ) | 0 - 9 |
| | | | **24 - 8** |

ਜੋ ਕਿ ਉਹਨਾਂ ਦੇ ਪ੍ਰੋਜੈਕਟ ਵਿੱਚ ਪੈਂਦਾ ਹੈ ਅਤੇ ਸੈਕਟਰ 90 ਦਾ ਹਿੱਸਾ ਨਾ ਹੋਣ ਕਰਕੇ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ 48(1) ਤਹਿਤ ਜਾਰੀ ਕਰ ਦਿੱਤੀ ਜਾਵੇਗੀ। ਪਿੰਡ ਲਖਨੌਰ ਦੀ ਧਾਰਾ 6 ਦੀ ਨੋਟੀਫਿਕੇਸ਼ਨ ਜੋ ਕਿ ਸਾਲ 2006 ਵਿੱਚ ਕੀਤੀ ਗਈ ਸੀ ਉਸ ਸਮੇਂ ਤੋਂ ਪਿੰਡ ਦੇ ਕੁੱਝ ਭੌਂ ਮਾਲਕਾਂ ਵੱਲੋਂ ਬੇਨਤੀ ਕੀਤੀ ਕਿ ਉਹਨਾਂ ਦੀ ਫਿਰਨੀ ਦੇ ਅੰਦਰ ਬਾੜੇ ਬਣੇ ਹਨ ਜੋ ਕਿ ਖਸਰਾ ਨੰ: 96, 97, 98, 99, 100, 101, 102/1, 102/2, 103, ਅਤੇ 104 ਕੁੱਲ ਰਕਬਾ 3 ਕਨਾਲ 10 ਮਰਲੇ ਹੈ, ਇਹਨਾਂ ਵਿੱਚ ਉਹਨਾਂ ਦੇ ਮਕਾਨ ਬਣੇ ਹਨ ਜੋ ਕਿ ਐਕਵਾਇਰ ਨਾ ਕੀਤੇ ਜਾਣ, ਬਾਰੇ ਵੀ ਇਹ ਫੈਸਲਾ ਲਿਆ ਗਿਆ ਹੈ ਕਿ ਇਹਨਾਂ ਦਾ 3 ਕਨਾਲ 10 ਮਰਲੇ ਰਕਬਾ ਜੋ ਕਿ ਬਾੜਿਆਂ ਅਧੀਨ ਹੈ ਵੀ ਡੀ-ਨੋਟੀਫਾਈ ਕੀਤਾ ਜਾਵੇਗਾ।

ਇਸ ਤਰ੍ਹਾਂ ਧਾਰਾ 6 ਦੀ ਨੋਟੀਫਿਕੇਸ਼ਨ ਮਿਤੀ 13.03.2006 ਵਿਚੋਂ ਫੈਸ਼ਨ ਟੈਕਨਾਲੋਜੀ, ਜੇ.ਐਲ.ਪੀ.ਐਲ ਅਤੇ ਭੌਂ ਮਾਲਕਾਂ ਦੇ ਬਾੜੇ ਜਿਸ ਦਾ ਕੁੱਲ ਰਕਬਾ 38 ਕਨਾਲ 2 ਮਰਲੇ ਕੱਢ ਕੇ ਹੁਣ ਬਾਕੀ ਬੱਚਦਾ 892 ਕਨਾਲ 15 ਮਰਲੇ ਰਕਬਾ ਇਸ ਭੌਂ ਪ੍ਰਾਪਤੀ ਵਿੱਚ ਸ਼ਾਮਲ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਧਾਰਾ 6 ਤਹਿਤ ਜਾਰੀ ਕੀਤੀ ਉਕਤ ਨੋਟੀਫਿਕੇਸ਼ਨ ਮਿਤੀ 13.03.2006 ਨੂੰ ਵੰਗਾਰਦੇ ਹੋਏ ਪਿੰਡ ਲਖਨੌਰ ਦੇ ਭੌਂ ਮਾਲਕਾਂ ਵੱਲੋਂ ਹੇਠ ਲਿਖੀਆਂ ਰਿੱਟ ਪਟੀਸ਼ਨਾਂ ਮਾਨਯੋਗ ਹਾਈਕੋਰਟ ਵਿਖੇ ਦਾਇਰ ਕੀਤੀਆਂ ਸਨ:-

| ਲੜੀ ਨੰ: | ਸਿਵਲ ਰਿੱਟ ਪਟੀਸ਼ਨ ਨੰ: | ਟਾਈਟਲ | ਰਕਬਾ (ਏਕੜਾਂ ਵਿੱਚ) | ਮੌਜੂਦਾ ਸਟੇਟੱਸ |
|---|---|---|---|---|
| 1 | 5907/2006 | ਸੰਪੂਰਨ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 0.806 | ਪੈਡਿੰਗ |
| 2 | 6398/2006 | ਅਮਨਦੀਪ ਸਿੰਘ ਚੱਠਾ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 2.463 | ਪੈਡਿੰਗ |
| 3 | 6399/2006 | ਗੁਰਦੇਵ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 0.606 | ਪੈਡਿੰਗ |
| 4 | 9746/2006<br>9748/2006 | ਹਰਪ੍ਰੀਤ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ, ਪਰਮਜੀਤ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | - | ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 04.05.2007 ਰਾਹੀਂ ਇਹ ਰਿੱਟ ਪਟੀਸ਼ਨ ਖਾਰਜ਼ ਕਰ ਦਿੱਤੀ, ਪਰ ਸੀ.ਐਮ ਐਪਲੀਕੇਸ਼ਨ ਨੰ: 3411 ਆਫ 2008 ਪੈਡਿੰਗ ਹੈ। |
| 5 | 8222/2006 | ਕੰਵਲ ਮੋਹਨ ਸਿੰਘ ਅਤੇ ਬਨਾਮ ਸਟੇਟ ਆਫ ਪੰਜਾਬ | 13.1625 | ਮਾਨਯੋਗ ਹਾਈ ਕੋਰਟ ਵੱਲੋਂ ਹੁਕਮ ਮਿਤੀ 04.10.2011 ਰਾਹੀਂ ਖਾਰਜ਼ ਕੀਤੀ ਜਾ ਚੁੱਕੀ ਹੈ। |
| 6 | 6401/2006 | ਸਰਦਾਰਾ ਸਿੰਘ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 2.6070 | ਮਾਨਯੋਗ ਹਾਈ ਕੋਰਟ ਵੱਲੋਂ ਹੁਕਮ ਮਿਤੀ 09.09.2011 ਰਾਹੀਂ ਖਾਰਜ਼ ਕੀਤੀ ਜਾ ਚੁੱਕੀ ਹੈ। |
| 7 | 5976/2006 | ਗੁਰਪ੍ਰੀਤ ਕੌਰ ਅਤੇ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 4.038 | ਮਾਨਯੋਗ ਹਾਈ ਕੋਰਟ ਵੱਲੋਂ ਹੁਕਮ ਮਿਤੀ 07.01.2009 ਰਾਹੀਂ<br>ਆਦੇਸ਼ ਜਾਰੀ ਕੀਤੇ ਹਨ ਕਿ ਪਟੀਸ਼ਨਰ ਦੀ ਭੌਂ ਦੀ ਪ੍ਰਾਪਤੀ ਸਬੰਧੀ ਧਾਰਾ 4 ਤਹਿਤ ਜਾਰੀ ਕੀਤੀ ਨੋਟੀਫਿਕੇਸ਼ਨ ਲੈਪਸ ਹੋ ਚੁੱਕੀ ਹੈ ਪਰ ਇਹ ਹੁਕਮ ਕਾਨੂੰਨ ਅਨੁਸਾਰ ਤਾਜ਼ਾ ਭੌਂ ਪ੍ਰਾਪਤੀ ਵਿੱਚ ਅੜਿੱਕਾ ਨਹੀਂ ਹੋਣਗੇ। |
| 8 | 7159/2006 | ਭਾਗ ਸਿੰਘ ਅਤੇ ਅਤੇ ਹੋਰ ਬਨਾਮ ਸਟੇਟ ਆਫ ਪੰਜਾਬ | 24.814 | ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 04.10.2011 ਰਾਹੀਂ ਰਿੱਟ ਪਟੀਸ਼ਨ ਖਾਰਜ ਕੀਤੀ ਜਾ ਚੁੱਕੀ ਹੈ। |
| **ਕੁੱਲ ਜੋੜ** | | | **48.4960** | |

ਉਕਤ ਰਿੱਟ ਪਟੀਸ਼ਨਾਂ ਵਿੱਚ ਪਿੰਡ ਲਖਨੌਰ ਦਾ 48.4960 ਏਕੜ ਰਕਬਾ ਸ਼ਾਮਲ ਸੀ ਅਤੇ ਮਾਨਯੋਗ ਹਾਈਕੋਰਟ ਵੱਲੋਂ ਵੱਖ-ਵੱਖ ਮਿਤੀਆਂ ਨੂੰ ਜਾਰੀ ਕੀਤੇ ਆਦੇਸ਼ਾਂ ਰਾਹੀਂ ਪਟੀਸ਼ਨਰਾਂ ਦਾ ਡਿਸਪੋਜੈਸ਼ਨ ਸਟੇਅ ਕਰ ਦਿੱਤਾ ਸੀ, ਪਰ ਉਹਨਾਂ ਵਿਚੋਂ ਤਿੰਨ ਰਿੱਟ ਪਟੀਸ਼ਨਾਂ (8222/2006, 6401/2006, 7159/2006) ਦੇ ਭੌਂ ਮਾਲਕਾਂ ਨੇ ਉੱਚ ਅਦਾਲਤ ਵਿੱਚ ਹਲਫੀਆ ਬਿਆਨ ਦਾਇਰ ਕਰਕੇ ਇਸ ਅਧਾਰ ਤੇ ਵਾਪਸ ਲੇ ਲਈਆਂ ਹਨ ਕਿ ਉਹ ਇਸ ਭੌਂ ਪ੍ਰਾਪਤੀ ਵਿਰੁੱਧ ਲੈਂਡ ਪੂਲਿੰਗ ਲੈਣਾ ਚਾਹੁੰਦੇ ਹਨ। ਇਹਨਾਂ ਤਿੰਨ ਰਿੱਟ ਪਟੀਸ਼ਨਾਂ ਵਿੱਚ 40.5835 ਏਕੜ ਰਕਬਾ ਸ਼ਾਮਲ ਸੀ ਕਿਉਂਕਿ ਲਿਟੀਗੇਸ਼ਨ ਅਧੀਨ ਕੁੱਲ ਰਕਬੇ 48.4960 ਏਕੜ ਵਿਚੋਂ 40.5836 ਏਕੜ ਰਕਬੇ ਦੇ ਭੌਂ ਮਾਲਕਾਂ ਨੇ ਰਿੱਟ ਪਟੀਸ਼ਨਾਂ ਇਸ ਅਧਾਰ ਤੇ ਵਾਪਸ ਲ ਲਈਆਂ ਹਨ ਕਿ ਉਹ ਭੌਂ ਪ੍ਰਾਪਤੀ ਵਿਰੁੱਧ ਲੈਂਡ ਪੂਲਿੰਗ ਲੇਣਾ ਚਾਹੁੰਦੇ ਹਨ ਅਤੇ ਭੌਂ ਮਾਲਕਾਂ ਨੇ ਦਫਤਰ ਵਿੱਚ ਪੇਸ਼ ਹੋ ਕੇ ਭੌਂ ਪ੍ਰਾਪਤੀ ਦਾ ਅਵਾਰਡ ਸੁਨਾਉਣ ਦੀ ਪ੍ਰਾਥਨਾ ਕੀਤੀ ਹੈ, ਇਸ ਲਈ ਇਹਨਾਂ ਭੌਂ ਮਾਲਕਾਂ ਵੱਲੋਂ ਕੀਤੀ ਗਈ ਬੇਨਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਣ ਇਸ ਭੌਂ ਪ੍ਰਾਪਤੀ ਵਿੱਚ ਸ਼ਾਮਲ ਅਜਿਹੇ ਭੌਂ ਮਾਲਕਾਂ ਦੀ ਪ੍ਰਾਪਤੀ ਦਾ ਅਵਾਰਡ ਸੁਣਾਇਆ ਜਾ ਰਿਹਾ ਹੈ, ਜਿਨ੍ਹਾਂ ਦੀ ਭੌਂ ਸਬੰਧੀ ਕੋਈ ਲਿਟੀਗੇਸ਼ਨ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਨਹੀਂ ਹੈ, ਪਰ ਜਿਹੜੇ ਭੌਂ ਮਾਲਕਾਂ ਦੀਆਂ ਰਿੱਟ ਪਟੀਸ਼ਨਾਂ ਅਜੇ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਹਨ, ਫਿਲਹਾਲ ਉਹਨਾਂ ਦੀ ਭੌਂ ਦਾ ਅਵਾਰਡ ਨਹੀਂ ਸੁਣਾਇਆ ਜਾ ਰਿਹਾ ਹੈ। ਇਸ ਭੌਂ ਸਬੰਧੀ ਅਵਾਰਡ ਸੁਣਾਉਣ ਬਾਰੇ ਫੈਸਲਾ ਮਾਨਯੋਗ ਹਾਈਕੋਰਟ ਵਿਖੇ ਲੰਬਿਤ ਰਿੱਟ ਪਟੀਸ਼ਨਾਂ ਦਾ ਨਿਪਟਾਰਾ ਹੋਣ ਤੇ ਕਰਵਾਇਆ ਜਾਵੇਗਾ।

ਭੌਂ ਪ੍ਰਾਪਤੀ ਕੂਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਮੁਹਾਲੀ ਨੂੰ ਭੌਂ ਪ੍ਰਾਪਤੀ ਵਿਭਾਗ ਹੋਣ ਦੇ ਨਾਤੇ ਭੌਂ ਪ੍ਰਾਪਤੀ ਐਕਟ ਦੀ ਧਾਰਾ 9 ਤਹਿਤ ਭੌਂ ਮਾਲਕਾਂ ਨੂੰ ਨੋਟਿਸ ਜਾਰੀ ਕੀਤੇ ਗਏ ਸੀ ਕਿ ਉਹ ਭੋਂ ਦੀ ਮਿਣਤੀ ਅਤੇ ਕੀਮਤ ਆਦਿ ਬਾਰੇ ਜੇਕਰ ਕੁੱਝ

ਕਹਿਣਾ ਚਾਹੁੰਦੇ ਹੋਣ ਤਾਂ ਮਿਤੀ 05.01.2012 ਨੂੰ ਨਿਮਨ-ਹਸਤਾਖਰ ਦੇ ਦਫਤਰ ਪੁੱਡਾ ਭਵਨ ਵਿਖੇ ਹਾਜਰ ਹੋਣ। ਸਬੰਧਤ ਪਿੰਡਾਂ ਦੇ ਭੌਂ ਮਾਲਕਾਂ ਨੂੰ ਮਿਤੀ 05.01.2012 ਨੂੰ ਸੁਣਵਾਈ ਕੀਤੀ ਗਈ। ਸੁਣਵਾਈ ਦੌਰਾਨ ਲਗਭਗ 30 ਭੌਂ ਮਾਲਕ ਹਾਜਰ ਹੋਏ ਅਤੇ ਉਨ੍ਹਾਂ ਦੇ ਲਿਖਤੀ ਅਤੇ ਜੁਬਾਨੀ ਕਲੇਮਾਂ ਨੂੰ ਮਿਤੀ 05.01.2012 ਨੂੰ ਸੁਣਿਆ ਗਿਆ। ਕਿਉਂ ਜੋ ਭੌਂ ਪ੍ਰਾਪਤੀ ਦੀ ਪ੍ਰਕਿਰੀਆ ਸਬੰਧੀ ਇਸ ਕੇਸ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਸਟੇਅ ਕੀਤਾ ਗਿਆ ਸੀ, ਇਸ ਲਈ ਇਹ ਅਵਾਰਡ ਨਿਰਧਾਰਤ ਸਮੇਂ ਤੇ ਸੁਣਾਇਆ ਨਹੀਂ ਜਾ ਸਕਿਆ। ਪਰ ਹੁਣ, ਉਕਤ ਪਟੀਸ਼ਨਰਾਂ CWP No. 6398/2006, 6399/2006, 5907/2006, CM in Writ no. 9746/2006 ਅਤੇ 9748/2006 ਨੂੰ ਛੱਡ ਕੇ, ਬਾਕੀ ਦੇ ਪਟੀਸ਼ਨਰਾਂ ਵੱਲੋਂ ਲੈਂਡ ਪੂਲਿੰਗ ਲਈ ਸਹਿਮਤੀ ਦਾ ਹਲਫਿਆ ਬਿਆਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿੱਤਾ ਗਿਆ। ਇਸ ਦੇ ਮੱਦੇਨਜਰ ਰਿੱਟ ਪਟੀਸ਼ਨ ਮਾਨਯੋਗ ਹਾਈ ਕੋਰਟ ਵੱਲੋਂ Dismissed as withdrawn ਦੇ ਹੁਕਮ ਕੀਤੇ ਗਏ ਹਨ। ਉਕਤ ਕੋਰਟ ਦੇ ਹੁਕਮਾਂ ਦੀ ਰੌਸ਼ਨੀ ਵਿੱਚ ਲੜੋਦੀਂ ਕਾਰਵਾਈ ਕੀਤੀ ਜਾ ਰਹੀ ਹੈ।

**ਭੌਂ ਦੀ ਕਿਸਮ ਦਾ ਇੰਦਰਾਜ:**

ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਜਮਾਂਬੰਦੀ ਪਿੰਡ ਲਖਨੌਰ ਸਾਲ 2008-09 ਦੀ ਹੈ। ਵੱਖਰੀ-ਵੱਖਰੀ ਭੌਂ ਦੀ ਕਿਸਮ ਦੱਸਣ ਦੀ ਲੋੜ ਨਹੀਂ ਕਿਉਂਕਿ ਸਰਕਾਰ ਵੱਲੋਂ ਇਸ ਪ੍ਰਾਪਤ ਕੀਤੀ ਜਾ ਰਹੀ ਸਾਰੀ ਭੌਂ ਦੇ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਜੂਨ, 2013 ਤਹਿਤ ਲੈਂਡ ਪੂਲਿੰਗ ਦਿੱਤੀ ਜਾਵੇਗੀ।

**ਇਤਰਾਜਹੀਣਤਾ ਸਰਟੀਫਿਕੇਟ :-**

ਮਿਤੀ 04-02-2009 ਨੂੰ ਵਿੱਤ ਕਮਿਸ਼ਨਰ, ਮਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਰਾਜ ਪੱਧਰੀ ਭੌਂ ਪ੍ਰਾਪਤੀ ਬੋਰਡ ਦੀ ਮੀਟਿੰਗ ਦੀ ਕਾਰਵਾਈ ਰਿਪੋਰਟ ਅਨੁਸਾਰ ਸੈਕਟਰ 90, ਪਿੰਡ ਲਖਨੌਰ ਦੀ ਭੂਮੀ ਗ੍ਰਹਿਣ ਕਰਨ ਲਈ ਇਤਰਾਜਹੀਨਤਾ ਸਰਟੀਫਿਕੇਟ ਪੰਜਾਬ ਮਾਲ ਤੇ ਪੁਨਰਵਾਸ ਵਿਭਾਗ (ਭੌਂ ਮਾਲੀਆ ਸਾਖਾ) ਦੇ ਅੰ.ਵਿ.ਪੱ.ਨੰ: 1/11/2009-ਭ.ਮ.1/1033 ਮਿਤੀ 04.07.2009 ਰਾਹੀ ਜਾਰੀ ਹੋਇਆ ਅਤੇ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ (ਮਕਾਨ ਉਸਾਰੀ 1 ਸਾਖਾ) ਦੇ ਪਿ.ਅ.ਨੰ: 6/35/2004/1ਮਉ1/602 ਮਿਤੀ 16.02.2009 ਰਾਹੀਂ ਇਸ ਦਫਤਰ ਵਿਖੇ ਪ੍ਰਾਪਤ ਹੋਇਆ, ਪਰੰਤੂ ਐਕਟ, 2013 ਅਨੁਸਾਰ ਐਨ.ਓ.ਸੀ ਲੈਣ ਦੇ ਉਪਬੰਧ ਖਤਮ ਕਰ ਦਿੱਤੇ ਗਏ ਹਨ।

**ਮੁਆਵਜੇ ਦੇ ਰੂਪ ਵਿੱਚ ਦਿੱਤੀ ਜਾਣ ਵਾਲੀ ਲੈਂਡ ਪੂਲਿੰਗ:**

ਇਸ ਅਵਾਰਡ ਤਹਿਤ ਪ੍ਰਾਪਤ ਕੀਤੀ ਜਾ ਰਹੀ ਭੌਂ ਲਈ, ਭੌਂ ਮਾਲਕਾਂ ਨੂੰ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਤਹਿਤ ਲੈਂਡ ਪੂਲਿੰਗ ਦਿੱਤੀ ਜਾਵੇਗੀ। ਇਹ ਲੈਂਡ ਪੂਲਿੰਗ ਲੈਣ ਲਈ ਬਹੁਤ ਸਾਰੇ ਪਟੀਸ਼ਨਰਾਂ ਨੇ ਅਦਾਲਤ ਵਿੱਚ ਲੰਬਿਤ ਪਈਆਂ ਪਟੀਸ਼ਨਾਂ ਵਿੱਚੋਂ ਹਲਫੀਆ ਬਿਆਨ ਵੀ ਦਾਇਰ ਕਰਕੇ ਪਟੀਸ਼ਨਾਂ ਵਾਪਸ ਲਈਆਂ ਹਨ। ਇਹ ਲਾਭ ਦੇਣ ਲਈ ਜਿਆਦਾਤਰ ਭੌਂ ਮਾਲਕਾਂ ਦੀ ਆਪਣੀ ਰਜਾਮੰਦੀ ਅਤੇ ਮੰਗ ਵੀ ਹੈ। ਜਿਸ ਵਿੱਚ ਉਹ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਅਨੁਸਾਰ ਗਮਾਡਾ ਦੀ ਸਕੀਮ ਵਿੱਚ ਭਾਗੀਦਾਰ ਬਣਨ ਦੇ ਇਛੁੱਕ ਹਨ। ਜਿਸ ਲਈ ਇਸ ਭੌਂ ਪ੍ਰਾਪਤੀ ਵਿਰੁੱਧ ਭੌਂ ਮਾਲਕਾਂ ਨੂੰ ਬਣਦੇ ਰਿਹਾਇਸ਼ੀ ਅਤੇ ਵਪਾਰਕ ਪਲਾਟ ਹੇਠ ਅਨੁਸਾਰ ਦਿੱਤੇ ਜਾਣਗੇ।

| **Land to be acquired (in kanal)** | **Developed residential area to be returned (in sq. yard)** | **Developed commercial area to be returned (except parking)** | **Remarks** |
|---|---|---|---|
| 1 kanal | 150 | - | No commercial site shall be given |
| 2 kanal | 300 | - | No commercial site shall be given |

| | | | |
|---|---|---|---|
| 3 kanal | 450 | - | No commercial site shall be given |
| 4 kanal | 500<br>**(500 OR 400+100 OR 300+200)** | One shop 12 ft x 45ft-60 sq. yard | For shop basement, G+1, FAR 1:2.0 shall be permissible |
| 8 kanal | 1000<br>**(500+500 OR 500+400+100 OR 500+300+200)** | SCO/SCS 121sq yard or 2 shops 12ft x 45ft-60 sq yard | For SCO/SCS basement, G+2, FAR 1:3.0 shall be permissible<br>and<br>For Shop basement, G+1, FAR 1:2.0 shall be permissible |

ਉਕਤ ਤੋਂ ਇਲਾਵਾ ਭੌਂ ਮਾਲਕਾਂ ਨੂੰ ਲੈਂਡ ਪੂਲਿੰਗ ਸਕੀਮ ਤਹਿਤ ਹੇਠ ਲਿਖੀਆਂ ਸਹੂਲਤਾਂ ਵੀ ਦਿੱਤੀਆਂ ਜਾਣੀਆਂ ਹਨ:-

(ੳ) ਪੰਜਾਬ ਸਰਕਾਰ ਦਾ ਨੋਟੀਫਿਕੇਸ਼ਨ ਨੰ: 6/23/13-6HG1/1440, ਮਿਤੀ 19.06.2013 ਅਨੁਸਾਰ ਲੱਡ ਪੂਲਿੰਗ ਸਕੀਮ ਲਈ ਸਹਿਮਤੀ ਦੇਣ ਵਾਲੇ ਭੌਂ ਮਾਲਕਾਂ ਨੂੰ ਭੌਂ ਦਾ ਕਬਜਾ ਲੈਣ ਉਪਰੰਤ ਭੌਂ ਨੂੰ ਵਿਕਸਤ ਕਰਨ ਤੇ ਉਨ੍ਹਾਂ ਦਾ ਬਣਦੇ ਹਿੱਸੇ ਦਾ ਕਬਜਾ ਦੇਣ ਜਾਂ ਵੱਧ ਤੋਂ ਵੱਧ 3 ਸਾਲ, ਜੋ ਪਹਿਲਾਂ ਹੋਵੇ, ਨੂੰ ਸਾਲਾਨਾ 25000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਚਕੋਤਾ ਦਿੱਤਾ ਜਾਵੇਗਾ।

(ਅ) ਲੈਂਡ ਪੂਲਿੰਗ ਸਕੀਮ ਅਧੀਨ ਦਿੱਤੇ ਜਾਣ ਵਾਲੇ ਪਲਾਟਾਂ ਦੀ ਰਜਿਸਟਰੀ ਵਿੱਚ ਭੌਂ ਮਾਲਕਾਂ ਦੇ ਹੱਕ ਵਿੱਚ ਹੋਣ ਤੇ ਅਸਟਾਮ ਡਿਊਟੀ ਤੋਂ ਛੋਟ ਦਿੱਤੀ ਜਾਵੇਗੀ।

(ੲ) ਭੌਂ ਮਾਲਕਾਂ ਵੱਲੋਂ ਬਣਦੀ ਲੈਂਡ ਪੂੰਲਿਗ ਦੇ ਵਪਾਰਕ/ਰਿਹਾਇਸ਼ੀ ਪਲਾਟਾਂ ਦੀਆਂ ਆਪਸ਼ਨਾਂ ਦੇਣ ਉਪਰੰਤ, ਉਨ੍ਹਾਂ ਨੂੰ ਪਲਾਟਾਂ ਦੇ ਲੈਟਰ ਆਫ ਇੰਨਟੈਂਟ (ਐਲ.ਓ.ਆਈ) 30 ਦਿਨਾਂ ਦੇ ਅੰਦਰ ਜਾਰੀ ਕਰ ਦਿੱਤੇ ਜਾਣਗੇ।

**ਸਟਰੱਕਚਰ :-**

ਇਸ ਪ੍ਰਾਪਤ ਕੀਤੇ ਜਾ ਰਹੇ ਰਕਬੇ ਵਿੱਚ ਫਲਦਾਰ ਦਰੱਖਤ, ਗੈਰ ਫਲਦਾਰ ਦਰਖਤ, ਟਿਊਬਵੈਲ, ਪਾਈਪ ਲਾਈਨ ਅਤੇ ਮਕਾਨਾਤ ਆਦਿ ਵੀ ਆਉਂਦੇ ਹਨ, ਉਨਾਂ ਦੀ ਸਰਵੇ ਰਿਪੋਰਟ ਤਿਆਰ ਕਰਵਾ ਕੇ ਸਬੰਧਤ ਟੈਕਨੀਕਲ ਵਿਭਾਗਾਂ ਨੂੰ ਭੇਜੀ ਜਾਵੇਗੀ ਜਿਨ੍ਹਾਂ ਦੀ ਕੀਮਤ ਨਿਰਧਾਰਤ ਹੋਣ ਤੇ ਭੌਂ ਮਾਲਕਾਂ ਨੂੰ ਬਣਦਾ ਮੁਆਵਜਾ ਐਕਟ, 2013 ਦੀ ਧਾਰਾਵਾਂ ਤਹਿਤ ਦਿੱਤਾ ਜਾਵੇਗਾ।

**ਫਸਲਾਂ** :-

ਹਾੜੀ ਸੀਜਨ ਸਾਲ 2014 ਵਿੱਚ ਬੀਜੀਆਂ ਫਸਲਾਂ ਭੌਂ ਮਾਲਕ ਕੱਟ ਸਕਦੇ ਹਨ। ਇਨ੍ਹਾ ਫਸਲਾਂ ਦਾ ਮੁਆਵਜਾ ਭੌਂ ਮਾਲਕਾਂ ਨੂੰ ਨਹੀਂ ਦਿੱਤਾ ਜਾਵੇਗਾ।

**ਲੈਂਡ ਪੂਲਿੰਗ ਰਾਹੀਂ ਅਦਾ ਕੀਤੇ ਜਾ ਰਹੇ ਮੁਆਵਜੇ ਦੀ ਵੰਡ ਸਬੰਧੀ ਵਿਧੀ:-**

ਭੌਂ ਮਾਲਕਾਂ ਨੂੰ ਜਮਾਂਬੰਦੀ ਵਿੱਚ ਹੋਏ ਇੰਦਰਾਜ ਅਨੁਸਾਰ ਅਤੇ ਤਸਦੀਕ ਕੀਤੇ ਹੋਏ ਇੰਤਕਾਲ, ਬ, ਫਰਦ ਬਦਰ ਆਦਿ ਦਾ ਅਮਲ ਕਰਕੇ ਬਣਦੇ ਰਕਬੇ ਦੀ ਰਿਹਾਇਸ਼ੀ ਅਤੇ ਵਪਾਰਕ ਲੈਂਡ ਪੂਲਿੰਗ ਦਿੱਤੀ ਜਾਵੇਗੀ। ਜੇਕਰ ਕਿਸੇ ਭੌਂ ਮਾਲਕ ਦਾ ਹਿੱਸਾ ਰਹਿਣ, ਜਾਂ ਆੜ ਰਹਿਣ ਹੋਵੇਗਾ ਤਾਂ ਭੌਂ ਮਾਲਕ ਦੀ ਰਜਾਮੰਦੀ ਅਨੁਸਾਰ ਮੁਰਤਹਿਨ ਨੂੰ ਉਸ ਹਿੱਸੇ ਦੀ ਲੈਂਡ ਪੂਲਿੰਗ ਦੇ ਦਿੱਤੀ ਜਾਵੇਗੀ। ਜੇਕਰ ਭੌਂ ਮਾਲਕਾਂ ਦੇ ਹਿੱਸੇਦਾਰੀ ਸਬੰਧੀ ਕੋਈ ਝਗੜਾ ਹੋਵੇਗਾ ਤਾਂ ਉਸ ਨੂੰ ਨਿਪਟਾਉਣ ਲਈ ਕੇਸ ਸਬੰਧਤ

ਅਥਾਰਟੀ ਪਾਸ *the Right to Fair Compensation and Transparency in Land Acquisition, Rehabilitation and Resettlement Act, 2013* ਦੀ ਧਾਰਾ 76 ਤਹਿਤ ਨਿਪਟਾਰੇ ਲਈ ਭੇਜਿਆ ਜਾਵੇਗਾ। ਜਦੋਂ ਤੱਕ ਭੌਂ ਮਾਲਕਾਂ ਦੇ ਆਪਸੀ ਝਗੜੇ ਦਾ ਅੰਤਿਮ ਨਿਪਟਾਰਾ ਨਹੀਂ ਹੋ ਜਾਂਦਾ ਤੱਦ ਤੱਕ ਝਗੜੇ ਅਧੀਨ ਰਕਬੇ ਦੀ ਲੈਂਡ ਪੂਲਿੰਗ ਗਮਾਡਾ ਪਾਸ ਰਿਜਰਵ ਰੱਖੀ ਜਾਵੇਗੀ।

**<u>ਡਰਾਫਟ ਅਵਾਰਡ ਦੀ ਪ੍ਰਵਾਨਗੀ:</u>**

ਇਸ ਭੌਂ ਦਾ ਡਰਾਫਟ ਅਵਾਰਡ ਸਕੱਤਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਚੰਡੀਗੜ੍ਹ ਜੀ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ ਜਿਸ ਦੀ ਪ੍ਰਵਾਨਗੀ ਸਕੱਤਰ ਪੰਜਾਬ ਸਰਕਾਰ ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ ਦੇ ਯਾਦ ਪੱਤਰ ਨੰ: 6/45/2004-6ਮਉ1/479574/1 ਮਿਤੀ 07.05.2015 ਰਾਹੀਂ ਪ੍ਰਾਪਤ ਹੋ ਗਈ ਹੈ।

**<u>ਤਾਰੀਖ ਕਬਜਾ:</u>**

ਮੈਂ, ਭੌਂ ਮਾਲਕਾਂ ਨੂੰ ਪ੍ਰਾਪਤ ਕੀਤੀ ਭੌਂ ਦੀ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ (ਜਿਸਦਾ ਵਿਵਰਨ/ਵਿਸਥਾਰ ਇਸ ਅਵਾਰਡ ਦੇ ਵਿੱਚ ਦਿੱਤਾ ਗਿਆ ਹੈ) ਦੇ ਅਨੁਸਾਰ ਲੈਂਡ ਪੂਲਿੰਗ ਦੇਣ ਲਈ ਪੇਸ਼ਕਸ਼ ਕਰਦੀ ਹਾਂ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 6398/2006, 6399/2006 ਅਤੇ 5907/2006 ਵਿੱਚ ਪਟੀਸ਼ਨਰਾਂ ਦਾ ਡਿਸਪੋਜੈਸ਼ਨ ਸਟੇਅ ਕੀਤਾ ਗਿਆ ਹੈ। ਇਸ ਲਈ ਇਹਨਾਂ ਰਿੱਟ ਪਟੀਸ਼ਨਾਂ ਵਿਚੋਂ ਸ਼ਾਮਲ ਭੌਂ ਨੂੰ ਛੱਡ ਕੇ ਅਧਿਸੂਚਨਾਂ 6 ਜੋ ਕਿ ਨਵੇਂ ਭੌਂ ਪ੍ਰਾਪਤੀ ਐਕਟ ਦੀ ਧਾਰਾ 19 ਅਤੇ 24 ਤਹਿਤ ਨੋਟੀਫਿਕੇਸ਼ਨ ਵਿੱਚ ਦਰਸਾਈ ਬਾਕੀ ਦੀ ਭੌਂ ਦਾ ਕਬਜਾ ਮੌਕੇ ਤੇ ਭੌਂ ਮਾਲਕਾਂ ਤੋਂ ਲੈ ਕੇ ਮਿਲਖ ਅਫਸਰ, ਗਮਾਡਾ ਨੂੰ ਸੌਂਪ ਦਿੱਤਾ ਹੈ। ਉਕਤ ਰਿੱਟ ਪਟੀਸ਼ਨਾਂ ਵਿੱਚ ਸ਼ਾਮਲ ਭੌਂ ਮਾਲਕਾਂ ਦੇ ਕਬਜੇ ਸਬੰਧੀ ਯੋਗ ਕਾਰਵਾਈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅੰਤਿਮ ਹੁਕਮਾਂ ਉਪਰੰਤ ਹੁਕਮਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ। ਅੱਜ ਤੋਂ ਬਾਅਦ ਇਸ ਭੌਂ ਦੀ ਮਾਲਕੀ ਗਮਾਡਾ, ਜਿਸ ਦੇ ਖਰਚੇ ਤੇ ਅਤੇ ਜਿਸਦੀ ਸਕੀਮ ਦੇ ਵਿਕਾਸ ਲਈ ਇਹ ਭੌਂ ਪ੍ਰਾਪਤ ਕੀਤੀ ਗਈ ਹੈ, ਦੇ ਨਾਮ ਬਿਨ੍ਹਾਂ ਕਿਸੇ ਭਾਰ ਤੋਂ ਵੈਸਟ ਹੋਵੇਗੀ।

**<u>ਰਕਬਾ ਜ਼ੇਰ ਆਮਦਾ ਤੇ ਮੁਆਮਲੇ ਦੀ ਮੁਆਫੀ:</u>**

ਪ੍ਰਾਪਤੀ ਹੇਠ ਰਕਬੇ ਦਾ ਮੁਆਮਲਾ (ਮਾਲ) ਦੀ ਮੁਆਫੀ ਹੈ। ਅੱਜ ਦੇ ਦਿਨ ਤੋਂ ਇਸ ਸਕੀਮ ਤਹਿਤ ਪਿੰਡ ਲਖਨੌਰ 892 ਕਨਾਲ 15 ਮਰਲ, ਕੁੱਲ ਰਕਬਾ **111.5937** ਏਕੜ ਭੂਮੀ ਜਿਸ ਵਿੱਚ ਜਿਨ੍ਹਾਂ ਭੌਂ ਮਾਲਕਾਂ ਦੀ ਰਿੱਟ ਹੈ ਨੂੰ ਛੱਡਦੇ ਹੋਏ ਬਾਕੀ ਦੇ ਰਕਬੇ ਉੱਤੇ ਗਮਾਡਾ ਦੀ ਬਗੈਰ ਕਿਸੇ ਭਾਰ ਤੋਂ ਮਲਕੀਅਤ ਹੋਵੇਗੀ।

ਅੱਜ ਮਿਤੀ 10.06.2015 ਨੂੰ ਸਮਾਂ 10.00 ਵਜੇ ਸਵੇਰੇ ਭੌਂ ਮਾਲਕ ਸਰਪੰਚ ਨੰਬਰਦਾਰ ਅਤੇ ਮੋਹਤਬਰ ਵਿਅਕਤੀਆ ਦੀ ਹਾਜਰੀ ਸਮੇ ਕਮੇਟੀ ਰੂਮ, ਦੂਜੀ ਮੰਜਿਲ, ਪੁੱਡਾ ਭਵਨ ਸੈਕਟਰ-62 ਐਸ.ਏ.ਐਸ. ਨਗਰ ਵਿਖੇ ਅਵਾਰਡ ਸੁਣਾਇਆ ਗਿਆ ਹੈ। ਗੈਰ ਹਾਜਰ ਭੌਂ ਮਾਲਕਾਂ ਨੂੰ ਭੋਂ ਪ੍ਰਾਪਤੀ ਐਕਟ 2013 ਅਧੀਨ ਨੋਟਿਸ ਜਾਰੀ ਕੀਤੇ ਜਾਣਗੇ।

**ਤੱਥ ਤੇ ਅੰਕੜੇ ਚੈੱਕ ਕੀਤੇ ਗਏ:**

***ਪਟਵਾਰੀ*** ***ਕਾਨੂੰਨਗੋ*** ***ਨਾਇਬ ਤਹਿਸੀਲਦਾਰ***

***(ਰਾਜਦੀਪ ਕੌਰ)***
***ਪੀ.ਸੀ.ਐਸ.***
***ਭੌਂ ਪ੍ਰਾਪਤੀ ਕੁਲੈਕਟਰ***
***ਸ਼ਹਿਰੀ ਵਿਕਾਸ ਵਿਭਾਗ***
***ਐਸ.ਏ.ਐਸ. ਨਗਰ।***